ੴ ਵਾਹਿਗੁਰੂ ਜੀ ਕੀ ਫ਼ਤਹ॥

# ਧਰਮ ਪ੍ਰਚਾਰ ਕਮੇਟੀ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

# ਸਿਲੇਬਸ

ਧਾਰਮਿਕ ਪ੍ਰੀਖਿਆ ਲਈ

# ਨਿਯਮ ਅਤੇ ਸ਼ਰਤਾਂ

-: ਪ੍ਰਕਾਸ਼ਕ :-

**ਸਕੱਤਰ, ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),
ਸ੍ਰੀ ਅੰਮ੍ਰਿਤਸਰ।

ਛਪਣ ਗਿਣਤੀ 5,000 (ਪੰਜ ਹਜ਼ਾਰ) ਸਤੰਬਰ 2016

ਛਾਪਕ:
ਗੋਲਡਨ ਆਫ਼ਸੈਟ ਪ੍ਰੈਸ,
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ,
ਸ੍ਰੀ ਅੰਮ੍ਰਿਤਸਰ।

**ੴ ਵਾਹਿਗੁਰੂ ਜੀ ਕੀ ਫਤਹ ॥**

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ਵੱਲੋਂ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫਾ ਦੇਣ ਬਾਰੇ

# ਨਿਯਮ

ਧਾਰਮਿਕ ਪ੍ਰੀਖਿਆ ਹਰ ਸਾਲ ਨਵੰਬਰ ਮਹੀਨੇ ਵਿੱਚ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਹੋਇਆ ਕਰੇਗੀ। ਇਸ ਪ੍ਰੀਖਿਆ ਦੇ ਚਾਰ ਦਰਜੇ ਹੋਣਗੇ।

| | | |
|---|---|---|
| ਪਹਿਲਾ ਦਰਜਾ | - | ਛੇਵੀਂ ਤੋਂ ਅੱਠਵੀਂ ਤੱਕ |
| ਦੂਜਾ ਦਰਜਾ | - | ਨੌਵੀਂ ਤੋਂ ੧੦+੨ ਤੱਕ |
| ਤੀਜਾ ਦਰਜਾ | - | ਟੀ.ਡੀ.ਸੀ. ੧ ਤੋਂ ਟੀ.ਡੀ.ਸੀ. ੩ ਤੱਕ ਜਾਂ (ਗਰੈਜੂਏਸ਼ਨ) |
| ਚੌਥਾ ਦਰਜਾ | - | ਪੋਸਟ ਗਰੈਜੂਏਸ਼ਨ |

# ਫੀਸ

ਸਕੂਲਾਂ/ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਧਾਰਮਿਕ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਵਾਲੇ ਵਿਦਿਆਰਥੀ ਪਾਸੋਂ ਹੇਠ ਲਿਖੇ ਅਨੁਸਾਰ ਦਾਖਲਾ ਫੀਸ ਲਈ ਜਾਵੇਗੀ:-

| | | |
|---|---|---|
| ਪਹਿਲਾ ਦਰਜਾ | - | ੦੫) × ਰੁਪਏ |
| ਦੂਜਾ ਦਰਜਾ | - | ੧੦) × ਰੁਪਏ |
| ਤੀਜਾ ਦਰਜਾ | - | ੧੫) × ਰੁਪਏ |
| ਚੌਥਾ ਦਰਜਾ | - | ੨੦) × ਰੁਪਏ |

# ਸ਼ਰਤਾਂ

## ਵਜ਼ੀਫਾ ਪ੍ਰਾਪਤ ਕਰਨ ਦੀਆਂ ਹੇਠ ਲਿਖੀਆਂ ਸ਼ਰਤਾਂ ਹਨ:-

੧. ਹਰੇਕ ਦਰਜੇ ਦੀ ਧਾਰਮਿਕ ਪ੍ਰੀਖਿਆ ਦੇਣ ਸਮੇਂ ਵਿਦਿਆਰਥੀ ਦਾ ਕਿਸੇ ਵੀ ਸਰਕਾਰੀ/ਗੈਰ ਸਰਕਾਰੀ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿੱਚ ਰੈਗੂਲਰ ਤੌਰ ’ਤੇ ਪੜ੍ਹਦੇ ਹੋਣਾ ਜ਼ਰੂਰੀ ਹੈ।

੨. ਮਿਸ਼ਨਰੀ ਕਾਲਜਾਂ, ਗੁਰਮਤਿ ਕਾਲਜਾਂ, ਯੂਨੀਵਰਸਿਟੀਆਂ ਵਿਚ ਧਰਮ ਅਧਿਐਨ ਕਰਨ ਵਾਲੇ ਵਿਦਿਆਰਥੀ ਧਾਰਮਿਕ ਪ੍ਰੀਖਿਆ ਵਿਚ ਸ਼ਾਮਲ ਨਹੀਂ ਕੀਤੇ ਜਾਣਗੇ।

੩. ਇਹ ਪ੍ਰੀਖਿਆ ਦੇਣ ਲਈ ਸਬੰਧਤ ਵਿਦਿਆਰਥੀ ਦਾ ਚਾਲ-ਚੱਲਣ ਅਤੇ ਪੜ੍ਹਾਈ ਜਾਰੀ ਰੱਖਣ ਸਬੰਧੀ, ਸਬੰਧਤ ਸੰਸਥਾ ਦੇ ਮੁਖੀ ਦੀ ਤਸਦੀਕ ਹੋਣੀ ਜ਼ਰੂਰੀ ਹੈ। ਜਿਹੜਾ ਵਿਦਿਆਰਥੀ ਸਰਕਾਰੀ ਸਕੂਲ/ਕਾਲਜ ਵਿਚ ਪੜ੍ਹਦਾ ਹੈ, ਉਸਦੀ ਤਸਦੀਕ ਸਕੂਲ/ਕਾਲਜ ਦੇ ਮੁਖੀ ਜਾਂ ਮੈਂਬਰ ਧਰਮ ਪ੍ਰਚਾਰ ਕਮੇਟੀ ਜਾਂ ਮੈਂਬਰ ਸ਼੍ਰੋਮਣੀ ਗੁ:ਪ੍ਰ: ਕਮੇਟੀ ਵਿਚੋਂ ਕਿਸੇ ਇੱਕ ਦੀ ਹੋਣੀ ਜ਼ਰੂਰੀ ਹੈ।

੪. ਵਿਦਿਆਰਥੀ ਇੱਕ ਦਰਜੇ ਵਿੱਚ ਕੇਵਲ ਇੱਕ ਵਾਰ ਹੀ ਵਜ਼ੀਫਾ ਪ੍ਰਾਪਤ ਕਰ ਸਕੇਗਾ। ਉਸੇ ਦਰਜੇ ਦੀ ਦੂਜੀ ਵਾਰ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਨੂੰ ਉਤਸ਼ਾਹ ਵਜੋਂ ਕੇਵਲ ਸਰਟੀਫਿਕੇਟ ਹੀ ਦਿੱਤਾ ਜਾਵੇਗਾ।

੫. ਮਨਸੂਖ ਹੋਇਆ ਵਜ਼ੀਫਾ ਦੁਬਾਰਾ ਜਾਰੀ ਨਹੀਂ ਕੀਤਾ ਜਾਵੇਗਾ। ਜੇਕਰ ਵਿਦਿਆਰਥੀ ਪੜ੍ਹਾਈ ਛੱਡ ਦਿੰਦਾ ਹੈ ਤਾਂ ਵਜ਼ੀਫਾ ਪ੍ਰਾਪਤ ਕਰਨ ਲਈ ਤਸਦੀਕ ਸਬੰਧਤ ਸੰਸਥਾ ਦੇ ਪਹਿਲੇ ਮੁਖੀ/ ਪ੍ਰਿੰਸੀਪਲ ਪਾਸੋਂ ਵੀ ਕਰਵਾ ਸਕਦਾ ਹੈ।

੬. ਹਰ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਦੀ ਜਾਚਨਾ ਕਰਨ ਤੋਂ ਪਹਿਲਾਂ ਚੰਗਾ ਹੋਵੇ ਜੇਕਰ ਉਹ 'ਅੰਮ੍ਰਿਤਧਾਰੀ' ਹੋਵੇ ਜਾਂ ਘੱਟੋ-ਘੱਟ ਸਾਬਤ ਸੂਰਤ ਜ਼ਰੂਰ ਹੋਵੇ। ਇਹ ਸ਼ਰਤ ਦੂਸਰੇ ਧਰਮਾਂ ਦੇ ਵਿਦਿਆਰਥੀਆਂ ਉਪਰ ਲਾਗੂ ਨਹੀਂ ਹੋਵੇਗੀ।

੭. ਧਾਰਮਿਕ ਪ੍ਰੀਖਿਆ ਚਾਰੇ ਦਰਜਿਆਂ ਵਿਚੋਂ (ਭਾਵ ਦੋਨੋਂ ਪਰਚਿਆਂ ਦੇ) ਘੱਟੋ-ਘੱਟ ੩੫-੩੫ ਨੰਬਰ ਲੈਣੇ ਵਿਦਿਆਰਥੀ ਨੂੰ ਜ਼ਰੂਰੀ ਹੋਣਗੇ। ਪਾਸ ਹੋਣ ਲਈ ਕੁਲ ਜੋੜ (ਐਗਰੀਗੇਡ) ੪੦% ਹੋਣਾ ਚਾਹੀਦਾ ਹੈ। ਜੇਕਰ ਕੋਈ ਵਿਦਿਆਰਥੀ ਐਗਰੀਗੇਡ ਦੀ ਸ਼ਰਤ ਪੂਰੀ ਕਰਦਾ ਹੈ, ਪਰੰਤੂ ਫੇਲ੍ਹ ਹੋ ਰਿਹਾ ਹੈ (ਭਾਵ ਇੱਕ ਪੇਪਰ ਵਿਚੋਂ ੩੩ ਨੰਬਰ ਅਤੇ ਦੂਜੇ ਪੇਪਰ ਵਿਚੋਂ ੪੭ ਨੰਬਰ ਲੈਂਦਾ ਹੈ) ਉਸ ਨੂੰ ਐਗਰੀਗੇਡ ਵਿੱਚ ੨ ਨੰਬਰ ਦੇਣ ਦੇ ਅਧਿਕਾਰ ਮੁੱਖ ਸਕੱਤਰ/ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਣਗੇ।

੮. ਧਾਰਮਿਕ ਪ੍ਰੀਖਿਆ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਸਿਲੇਬਸ ਅਨੁਸਾਰ ਤਿਆਰ ਕੀਤੀਆਂ ਧਾਰਮਿਕ ਪੁਸਤਕਾਂ ਵਿਚੋਂ ਹੀ ਲਈ ਜਾਵੇਗੀ।

## ਦਾਖਲਾ ਫਾਰਮ

ਦਾਖਲਾ ਫਾਰਮ, ਦਫਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਪਾਸੋਂ ਮੁਫਤ ਮੰਗਵਾਇਆ ਜਾ ਸਕਦਾ ਹੈ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ www.sgpc.net. ਤੋਂ ਦਾਖਲਾ ਫਾਰਮ, ਸਿਲੇਬਸ ਅਤੇ ਵਜ਼ੀਫਿਆਂ ਨਾਲ ਸਬੰਧਤ ਫਾਰਮ ਡਾਊਨਲੋਡ ਕੀਤੇ ਜਾ ਸਕਦੇ ਹਨ।

## ਵਜ਼ੀਫੇ

ਐਲਾਨੇ ਨਤੀਜੇ ਅਨੁਸਾਰ ਧਾਰਮਿਕ ਪ੍ਰੀਖਿਆ ਵਿਚੋਂ ਹਰ ਦਰਜੇ ਦੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਵਜ਼ੀਫੇ, ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦਿੱਤੇ ਜਾਣਗੇ।

(ੳ) ੪੦% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕੇਵਲ ਪ੍ਰੀਖਿਆ ਵਿੱਚ ਭਾਗ ਲੈਣ ਦਾ ਸਰਟੀਫਿਕੇਟ ਦਿੱਤਾ ਜਾਵੇਗਾ।

(ਅ) ੪੦% ਤੋਂ ੪੯% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਤੀਸਰੇ ਸਥਾਨ ਦਾ ਸਰਟੀਫਿਕੇਟ ਦਿੱਤਾ ਜਾਵੇਗਾ।

(ੲ) ੫੦% ਤੋਂ ੫੯% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦੂਜੇ ਸਥਾਨ ਦਾ ਸਰਟੀਫਿਕੇਟ ਦਿੱਤਾ ਜਾਵੇਗਾ।

(ਸ) ੬੦% ਤੋਂ ੬੯% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪਹਿਲੇ ਸਥਾਨ ਦਾ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਦਿੱਤਾ ਜਾਵੇਗਾ।

(ਹ) ੭੦% ਤੋਂ ੭੯% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪਹਿਲੇ ਸਥਾਨ ਦਾ ਸਰਟੀਫਿਕੇਟ, ਸਨਮਾਨ ਚਿੰਨ੍ਹ ਤੋਂ ਇਲਾਵਾ ਪਹਿਲਾ, ਦੂਜਾ, ਤੀਜਾ ਅਤੇ ਚੌਥਾ ਦਰਜਾ ਨੂੰ ਕ੍ਰਮਵਾਰ ੧੧੦੦/-, ੨੧੦੦/-, ੩੧੦੦/- ਅਤੇ ੪੧੦੦/- ਰੁਪਏ ਵਜ਼ੀਫਾ ਦਿੱਤਾ ਜਾਵੇਗਾ।

(ਕ) ੮੦% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਅਤੇ ਦਰਜੇ ਵਾਈਜ਼ ਵਜ਼ੀਫਾ ੨੧੦੦/-, ੩੧੦੦/- ੪੧੦੦/- ਅਤੇ ੫੧੦੦/-, ਵਿਸ਼ੇਸ਼ ਸਨਮਾਨ ਚਿੰਨ੍ਹ ਤੋਂ ਇਲਾਵਾ ਚੌਹਾਂ ਦਰਜਿਆਂ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ੨੧੦੦, ੧੫੦੦, ੧੧੦੦ ਰੁਪਏ ਅਤੇ ਵਿਸ਼ੇਸ਼ ਸਨਮਾਨ ਚਿੰਨ੍ਹ ਦਿੱਤੇ ਜਾਣਗੇ।

# ਸਿਲੇਬਸ

## ਪਹਿਲਾ ਦਰਜਾ

## ਪਰਚਾ ੧ - ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ: ੩ ਘੰਟੇ** **ਨੰਬਰ ੧੦੦**

(ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। ੧੦

(ਅ) ਕੰਠ ਬਾਣੀਆਂ- ਜਪੁਜੀ ਸਾਹਿਬ, ਰਹਰਾਸਿ ਅਤੇ ਸੋਹਿਲਾ। ੩੦

(ੲ) ਅਰਥ ਬਾਣੀਆਂ- ਜਪੁਜੀ ਸਾਹਿਬ। ੨੦

(ਸ) ਪਹਿਲੇ ਪੰਜ ਗੁਰੂ ਸਾਹਿਬਾਨ ਦੀਆਂ ਸੰਖੇਪ ਜੀਵਨੀਆਂ। ੪੦

## ਪਰਚਾ ੨ - ਸਿੱਖ ਇਤਿਹਾਸ ਤੇ ਰਹਿਤ ਮਰਯਾਦਾ

**ਸਮਾਂ: ੩ ਘੰਟੇ** **ਨੰਬਰ ੧੦੦**

(ੳ) ਛੋਟੇ ਦਸ ਪ੍ਰਸ਼ਨਾਂ ਦੇ ਉਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। ੧੦

(ਅ) ਹੇਠ ਅੰਕਤ ਸ਼ਹੀਦਾਂ ਦੇ ਪ੍ਰਸੰਗ ਤੇ ਜੀਵਨੀਆਂ ਬਾਰੇ ਲਿਖੋ:-
ਭਾਈ ਮਤੀਦਾਸ ਜੀ, ਭਾਈ ਮਨੀ ਸਿੰਘ ਜੀ,
ਬਾਬਾ ਬੰਦਾ ਸਿੰਘ ਜੀ ਬਹਾਦਰ, ਭਾਈ ਸੁਬੇਗ ਸਿੰਘ ਜੀ,
ਭਾਈ ਸ਼ਹਿਬਾਜ ਸਿੰਘ ਜੀ, ਭਾਈ ਤਾਰੂ ਸਿੰਘ ਜੀ। ੩੦

(ੲ) ਹੇਠ ਲਿਖਿਆਂ ਬਾਰੇ ਬਹੁਪੱਖੀ ਜਾਣਕਾਰੀ ਦਿਓ:-
ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਪੰਜ ਕਕਾਰ,
ਅੰਮ੍ਰਿਤ (ਖੰਡੇ ਦੀ ਪਾਹੁਲ), ਕੀਰਤਨ। ੩੦

(ਸ) ਹੇਠ ਲਿਖਿਆ ਦੀ ਪਰਿਭਾਸ਼ਾ ਅਤੇ ਭਾਵ ਪੂਰਵਕ ਸੰਖੇਪ ਜਾਣਕਾਰੀ ਦਿਓ:-
ਸਿੱਖ ਦੀ ਤਾਰੀਫ, ਤਖ਼ਤ ਸਹਿਬਾਨ, ਕੁਰਹਿਤਾਂ,
ਤਨਖਾਹੀਆ ਅਤੇ ਪਤਿਤ। ੩੦

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਪਹਿਲਾ, ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

## ਦੂਜਾ ਦਰਜਾ

## ਪਰਚਾ ੧ - ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ: ੩ ਘੰਟੇ** **ਨੰਬਰ ੧੦੦**

| | |
|---|---|
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | ੧੦ |
| (ਅ) ਕੰਠ ਬਾਣੀਆਂ:- ਜਪੁਜੀ ਸਾਹਿਬ, ਅਨੰਦ ਸਾਹਿਬ ਪੂਰਾ, ਦਸ ਸਵੱਯੇ (ਸ੍ਰਾਵਗ ਸੁੱਧ ਪਾ: ਦਸਵੀਂ), ਰਹਰਾਸਿ ਅਤੇ ਸੋਹਿਲਾ | ੨੦ |
| (ੲ) ਅਰਥ ਬਾਣੀਆਂ:- ਰਹਰਾਸਿ, ਸੋਹਿਲਾ | ੨੦ |
| (ਸ) ਉਪਰੋਕਤ ਬਾਣੀਆਂ ਸਬੰਧੀ ਪ੍ਰਸ਼ਨ | ੨੦ |
| (ਹ) ਪਾਤਸ਼ਾਹੀ ਛੇਵੀਂ ਤੋਂ ਦਸਵੀਂ ਤੱਕ ਗੁਰੂ ਸਾਹਿਬਾਨਾਂ ਦਾ ਜੀਵਨ | ੩੦ |

## ਪਰਚਾ ੨- ਸਿੱਖ ਇਤਿਹਾਸ ਤੇ ਰਹਿਤ ਮਰਯਾਦਾ

**ਸਮਾਂ: ੩ ਘੰਟੇ** **ਨੰਬਰ ੧੦੦**

| | |
|---|---|
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | ੧੦ |
| (ਅ) ਸਿੱਖ ਨਾਇਕਾਂ ਦੀਆਂ ਜੀਵਨੀਆਂ: ਭਾਈ ਦਿਆਲਾ, ਬਾਬਾ ਬੋਤਾ ਸਿੰਘ, ਨਵਾਬ ਕਪੂਰ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਅਤੇ ਭਾਈ ਮਹਿਤਾਬ ਸਿੰਘ। | ੨੦ |
| (ੲ) ਅਠਾਰ੍ਹਵੀਂ ਸਦੀ ਦੇ ਘੱਲੂਘਾਰੇ:- ਛੋਟਾ ਘੱਲੂਘਾਰਾ (੧੭੪੬) ਅਤੇ ਵੱਡਾ ਘੱਲੂਘਾਰਾ (੧੭੬੨) | ੧੦ |
| (ਸ) ਇਤਿਹਾਸਕ ਸਿੱਖ ਮਿਸਲਾਂ:- ਆਹਲੂਵਾਲੀਆ, ਸਿੰਘਪੁਰੀਆ, ਰਾਮਗੜ੍ਹੀਆ ਅਤੇ ਮਿਸਲ ਸ਼ਹੀਦਾਂ। | ੨੦ |
| (ਹ) ਹੇਠ ਲਿਖੇ ਵਿਸ਼ਿਆਂ ਦਾ ਅਧਿਐਨ : ਗੁਰਦੁਆਰਾ, ਮੁਖਵਾਕ ਲੈਣ ਦੀ ਵਿਧੀ, ਸ੍ਰੀ ਅਖੰਡ ਪਾਠ ਅਤੇ ਸਧਾਰਨ ਪਾਠ ਦੀ ਵਿਧੀ। | ੨੦ |
| (ਕ) ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਸਾਧ ਸੰਗਤ, ਅਰਦਾਸ ਦੀ ਮਹੱਤਤਾ ਅਤੇ ਸਿਮਰਨ। | ੨੦ |

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਦੂਜਾ, ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

## ਤੀਜਾ ਦਰਜਾ

## ਪਰਚਾ ੧ - ਗੁਰਬਾਣੀ ਅਤੇ ਗੁਰ ਇਤਿਹਾਸ

**ਸਮਾਂ: ੩ ਘੰਟੇ** **ਨੰਬਰ ੧੦੦**

(ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। ੧੦

(ਅ) ਕੰਠ ਬਾਣੀਆਂ:- ਜਪੁਜੀ ਸਾਹਿਬ, ਜਾਪੁ ਸਾਹਿਬ, ਦਸ ਸਵੱਯੇ (ਸ੍ਰਾਵਗ ਸੁੱਧ), ਰਹਰਾਸਿ ਅਤੇ ਸੋਹਿਲਾ ੨੦

(ੲ) ਅਰਥ ਬਾਣੀਆਂ:- ਬਾਰਹ ਮਾਹ ਮਾਝ, ਅਨੰਦ ਸਾਹਿਬ ਅਤੇ ਦਸ ਸਵੱਯੇ (ਸ੍ਰਾਵਗ ਸੁੱਧ)। ੨੦

(ਸ) ਉਪਰੋਕਤ (ਅ) ਬਾਣੀਆਂ ਬਾਰੇ ਪ੍ਰਸ਼ਨ ਪੁੱਛੇ ਜਾਣਗੇ। ੨੦

(ਹ) ਦਸ ਗੁਰੂ ਸਾਹਿਬਾਨ ਦਾ ਇਤਿਹਾਸ। ੩੦

## ਪਰਚਾ ੨ - ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ

**ਸਮਾਂ: ੩ ਘੰਟੇ** **ਨੰਬਰ ੧੦੦**

(ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। ੧੦

(ਅ) ਪ੍ਰਸਿੱਧ ਸਿੱਖ ਸ਼ਖਸੀਅਤਾਂ:
੧. ਭਾਈ ਮਰਦਾਨਾ ਜੀ, ਬਾਬਾ ਬੁੱਢਾ ਸਾਹਿਬ ਜੀ,
੨. ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਜੀਵਨੀਆਂ। ੧੦

(ੲ) ਸਿੱਖ ਇਤਿਹਾਸ (ਮਹਾਰਾਜਾ ਰਣਜੀਤ ਸਿੰਘ ਕਾਲ) ਸਿੱਖਾਂ ਦੀ ਅੰਗਰੇਜ਼ਾਂ ਨਾਲ ਪਹਿਲੀ ਅਤੇ ਦੂਜੀ ਜੰਗ। ੨੦

(ਸ) ਪੰਜਾਬ ਦੀਆਂ ਲਹਿਰਾਂ:- ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ੨੦

(ਹ) ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ ਸ਼੍ਰੋਮਣੀ ਗੁ:ਪ੍ਰ: ਕਮੇਟੀ) ੨੦

(ਕ) ਅਜ਼ਾਦ ਭਾਰਤ ਦੇ ਸਮੇਂ ਤੋਂ ਸਿੱਖਾਂ ਨਾਲ ਵਾਪਰ ਰਹੇ ਹਾਲਾਤ ਬਾਰੇ ਆਮ ਜਾਣਕਾਰੀ ਦਿਓ। ੧੦

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਤੀਜਾ, ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *

## ਚੌਥਾ ਦਰਜਾ

# ਪਰਚਾ ੧—ਗੁਰਬਾਣੀ ਅਤੇ ਗੁਰ ਇਤਿਹਾਸ

| | |
|---|---|
| **ਸਮਾਂ ੩ ਘੰਟੇ** | **ਨੰਬਰ ੧੦੦** |
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | ੧੦ |
| (ਅ) ਕੰਠ ਬਾਣੀਆਂ :- ਜਪੁਜੀ ਸਾਹਿਬ, ਅਨੰਦ ਸਾਹਿਬ, ਜਾਪੁ ਸਾਹਿਬ ਤੇ ਬਾਰਹ ਮਾਹ ਮਾਝ। | ੨੦ |
| (ੲ) ਅਰਥ ਬਾਣੀਆਂ:- ਆਸਾ ਦੀ ਵਾਰ ਅਤੇ ਸਿਧ ਗੋਸਟਿ। | ੨੦ |
| (ਸ) ਉਪਰੋਕਤ (ਅ) (ੲ) ਬਾਣੀਆਂ ਬਾਰੇ ਜਨਰਲ ਪ੍ਰਸ਼ਨ ਪੁੱਛੇ ਜਾਣਗੇ। | ੨੦ |
| (ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ-ਕਾਰਜ, ਬਾਣੀਕਾਰ ਅਤੇ ਗੁਰਤਾਗੱਦੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਓ। | ੩੦ |

# ਪਰਚਾ ੨—ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ

| | |
|---|---|
| **ਸਮਾਂ ੩ ਘੰਟੇ** | **ਨੰਬਰ ੧੦੦** |
| (ੳ) ਛੋਟੇ ਦਸ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਫਿਕਰਿਆਂ ਵਿੱਚ ਲਿਖੋ। | ੧੦ |
| (ਅ) ਜੀਵਨੀਆਂ ਭਗਤ ਸਹਿਬਾਨ, ਪ੍ਰਸਿੱਧ ਸਿੱਖ ਨਾਇਕ ਅਤੇ ਵਿਅਕਤੀ:- ਬਾਬਾ ਸ਼ੇਖ ਫਰੀਦ ਜੀ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਧੰਨਾ ਜੀ, ਮਾਤਾ ਭਾਗੋ ਜੀ, ਬੀਬੀ ਵੀਰੋ ਜੀ, ਬੀਬੀ ਭਾਨੀ ਜੀ ਅਤੇ ਭਾਈ ਘਨਈਆ ਜੀ। | ੨੦ |
| (ੲ) ਅਠਾਰ੍ਹਵੀਂ ਅਤੇ ਉੱਨੀਵੀਂ ਸਦੀ ਦਾ ਸਿੱਖ ਇਤਿਹਾਸ। | ੨੦ |
| (ਸ) ਸਿੱਖ ਰਹਿਤ ਮਰਯਾਦਾ (ਪ੍ਰਕਾਸ਼ਕ ਸ਼੍ਰੋਮਣੀ ਗੁ:ਪ੍ਰ: ਕਮੇਟੀ)। | ੧੦ |
| ਸਿੱਖ ਤਿਉਹਾਰ:- ਮਾਘੀ, ਹੋਲਾ ਮਹੱਲਾ, ਵੈਸਾਖੀ ਅਤੇ ਬੰਦੀ-ਛੋੜ ਦਿਵਸ। | ੧੦ |
| (ਹ) ਅਕਾਲ ਪੁਰਖ, ਗੁਰਮੁੱਖ, ਹਉਮੈ, ਸੇਵਾ ਤੇ ਸਿਮਰਨ ਆਦਿ ਗੁਰਮਤਿ ਸੰਕਲਪਾਂ ਦਾ ਸੰਖੇਪ ਅਧਿਐਨ। | ੨੦ |
| (ਕ) ੧੯੮੦ ਤੋਂ ਬਾਅਦ ਵਾਪਰੀਆਂ ਸਿੱਖ ਧਰਮ ਨਾਲ ਸਬੰਧਤ ਘਟਨਾਵਾਂ ਬਾਰੇ ਵਿਸਥਾਰ ਸਹਿਤ ਆਮ ਜਾਣਕਾਰੀ ਦਿਓ। | ੧੦ |

**(ਹਵਾਲਾ ਪੁਸਤਕ ਗੁਰਮਤਿ ਗਿਆਨ ਭਾਗ ਚੌਥਾ, ਪ੍ਰਕਾਸ਼ਿਤ ਧਰਮ ਪ੍ਰਚਾਰ ਕਮੇਟੀ)।**

* * *